# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਸਮੂਹ ਸਕੂਲ ਮੁੱਖੀ, ਪੰਜਾਬ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ:ਡਿਪਟੀਐਸ.ਪੀ.ਡੀ (ਪੀ.ਈ.ਡੀ.ਬੀ)/2021/੨੫੧੧੬੧
ਮਿਤੀ: 30.07.2021

**ਵਿਸ਼ਾ: ਈ.ਟੀ.ਟੀ, ਐਚ.ਟੀ ਅਤੇ ਸੀ.ਐਚ.ਟੀ ਬਦਲੀਆਂ ਦੇ ਹੁਕਮ ਲਾਗੂ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵਲੋਂ ਮਿਤੀ 30.07.2021 ਨੂੰ ਤੀਜੇ ਗੇੜ ਦੀਆਂ ਬਦਲੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਬਦਲੀਆਂ ਦੇ ਹੁਕਮਾਂ ਅਨੁਸਾਰ ਲਿਖਿਆ ਗਿਆ ਹੈ ਕਿ –

" In case of Primary schools if upon implementation of the transfer orders the school is likely to become teacherless, then these orders shall be implemented only upon on getting the replacement of the said teacher during the subsequent rounds of transfers."

2.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਜੇਕਰ ਪ੍ਰਾਇਮਰੀ ਕਾਡਰ ਦੇ ਅਧਿਆਪਕ ਭਾਵ ਈ.ਟੀ.ਟੀ, ਐਚ.ਟੀ ਅਤੇ ਸੀ.ਐਚ.ਟੀ ਦੀਆਂ ਬਦਲੀਆਂ ਨੂੰ ਤੁਰੰਤ ਲਾਗੂ ਕੀਤਾ ਜਾਂਦਾ ਹੈ ਤਾਂ ਕਾਫੀ ਗਿਣਤੀ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਦੀ ਘਾਟ ਹੋਵੇਗੀ। ਇਸ ਤੋਂ ਇਲਾਵਾ ਪ੍ਰਾਇਮਰੀ ਅਧਿਆਪਕਾਂ ਦੀ ਨਵੀਂ ਨਿਯੁਕਤੀ ਸਬੰਧੀ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਂਡਿੰਗ ਹੈ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਾਇਮਰੀ ਕਾਡਰ ਦੇ ਸਮੂਹ ਅਧਿਆਪਕ ਭਾਵ ਈ.ਟੀ.ਟੀ, ਐਚ.ਟੀ ਅਤੇ ਸੀ.ਐਚ.ਟੀ ਜਿੰਨਾਂ ਦੀ ਬਦਲੀ, ਬਦਲੀਆਂ ਦੇ ਤੀਜੇ ਗੇੜ ਵਿੱਚ ਹੋਈ ਹੈ ਨੂੰ ਲਾਗੂ ਕਰ ਦਿੱਤਾ ਜਾਵੇ, ਪਰ ਬਦਲੀ ਦੇ ਹੁਕਮਾਂ ਅਤੇ ਪੈਰ੍ਹਾ ਨੰ:1.0 ਵਿੱਚ ਲਗਾਈ ਸ਼ਰਤ ਲਾਗੂ ਰਹੇਗੀ। ਪ੍ਰਾਇਮਰੀ ਕਾਡਰ ਦੇ ਅਧਿਆਪਕ ਜਿੰਨਾਂ ਦੀ ਬਦਲੀ ਜਿਲ੍ਹੇ ਤੋਂ ਬਾਹਰ ਹੋਈ ਹੈ ਉਹ ਅਧਿਆਪਕ ਆਪਣੇ ਬਦਲੀ ਵਾਲੇ ਸਟੇਸਨ ਤੇ ਹਾਜਰੀ ਦੇਣ ਉਪਰੰਤ ਜਿਥੋਂ ਬਦਲੀ ਹੋਈ ਹੈ, ਵਿਖੇ ਹਾਜਰੀ ਦੇਣਗੇ ਅਤੇ ਉਹਨਾਂ ਨੂੰ ਇਸ ਸਕੂਲ ਵਿਖੇ ਡੈਪੂਟੇਸਨ ਤੇ ਮੰਨਿਆ ਜਾਵੇਗਾ ਜਦੋਂ ਤੱਕ ਨਵੀਂ ਨਿਯੁਕਤੀ ਰਾਹੀਂ ਕੋਈ ਅਧਿਆਪਕ ਉਹਨਾਂ ਦੇ ਸਕੂਲ ਵਿੱਚ ਹਾਜਰ ਨਹੀਂ ਹੋ ਜਾਂਦਾ। ਜਿਲ੍ਹੇ ਦੇ ਅੰਦਰ ਹੋਈ ਬਦਲੀ ਲਾਗੂ ਕੀਤੀ ਜਾ ਸਕਦੀ ਹੈ ਪਰ ਜੇਕਰ ਬਦਲੀ ਲਾਗੂ ਹੋਣ ਤੇ ਆਰ.ਟੀ.ਈ ਐਕਟ ਅਨੁਸਾਰ ਲੋੜੀਂਦੇ ਅਧਿਆਪਕ ਪੂਰੇ ਨਹੀਂ ਹਨ ਤਾਂ ਉਸ ਸੂਰਤ ਵਿੱਚ ਵੀ ਅਧਿਆਪਕ ਜਿਥੋਂ ਬਦਲੀ ਹੋਈ ਹੈ ਉਸ ਸਕੂਲ ਵਿਖੇ ਡੈਪੂਟੇਸਨ ਤੇ ਹਾਜਰੀ ਦੇਵੇਗਾ। ਪਰ ਇਹ ਸ਼ਰਤ ਉਹਨਾਂ ਪ੍ਰਾਇਮਰੀ ਅਧਿਆਪਕਾਂ ਤੇ ਲਾਗੂ ਨਹੀਂ ਹੋਵੇਗੀ ਜਿੰਨਾਂ ਦੀ ਬਦਲੀ Exempted Category ਅਧੀਨ ਹੋਈ ਹੈ।

ਜ.ਦ

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ**

(HR) MS 887